## ERRIN
## ਦੀ ਜਾਣ-ਪਛਾਣ

### ਪਰਵਾਸੀਆਂ ਦੀ ਵਾਪਸੀ ਅਤੇ ਪੁਨਰ- ਗਠਨ ਲਈ ਇੱਕ ਸੰਯੁਕਤ ਪਹੁੰਚ ਦੀ ਸਹੂਲਤ

**ਯੂਰੋਪੀ ਰਿਟਰਨ ਐਂਡ ਰੀਇੰਟੀਗਰੇਸ਼ਨ ਨੈਟਵਰਕ (European Return and Reintegration Network – ERRIN)** 15 ਸਹਿਭਾਗੀ ਦੇਸ਼ਾਂ ਦਾ ਇੱਕ ਕੰਸੋਰਟੀਅਮ ਹੈ ਜੋ ਉਹਨਾਂ ਪਰ੍ਵਾਸੀ ਲੋਕਾਂ ਦੀ ਵਾਪਸੀ ਅਤੇ ਪੁਨਰ-ਏਕੀਕਰਨ ਵਿੱਚ ਮਦਦ ਕਰਦਾ ਹੈ ਜੋ ਯੂਰਪ ਵਿਚ ਨਹੀਂ ਰਹਿ ਸਕਦੇ ਜਾਂ ਹੁਣ ਨਹੀਂ ਰਹਿਣਾ ਚਾਹੁੰਦੇ। ERRIN ਲੋੜਾਂ ਦੀ ਇੱਕ ਵਿਆਪਕ ਲੜੀ ਨੂੰ ਪੂਰਾ ਕਰਦਾ ਹੈ, ਆਪਣੇ ਮੂਲ ਦੇਸ਼ ਨੂੰ ਪਰਤਣ ਵਾਲੇ ਵਿਅਕਤੀਆਂ ਲਈ ਕੌਂਸਲਿੰਗ, ਰੈਫ਼ਰਲ ਅਤੇ ਪੁਨਰ-ਏਕੀਕਰਨ ਸਹਾਇਤਾ ਮੁਹੱਈਆ ਕਰਦਾ ਹੈ।

ਪਰੋਗਰਾਮ ਦੇ ਤਹਿਤ, ਕਾਰੀਟਸ ਇੰਟਰਨੈਸ਼ਨਲ ਬੈਲਜੀਅਮ (CIB) ਭਾਰਤ ਲਈ ਇਕਰਾਰੀ ਸੇਵਾ ਪਰ੍ਦਾਤਾ ਹੈ। CIB, ਸਵੈਇੱਛਤ ਅਤੇ ਗੈਰ-ਸਵੈਇੱਛਤ ਦੋਵਾਂ ਤਰਹ੍ਾਂ ਦੇ ਵਾਪਸ ਮੁੜਨ ਵਾਲਿਆਂ ਲਈ ਘਰ ਵਾਪਸੀ 'ਤੇ ਉਹਨਾਂ ਨੂੰ ਪੁਨਰ-ਗਠਨ ਦੇ ਪਹਿਲੇ ਪੜਾਵਾਂ ਵਿਚ ਮਦਦ ਕਰਨ ਲਈ Caritas India ਦੇ ਨਾਲ ਲਾਗੂ ਕਰਨ ਵਾਲੇ ਸਥਾਨਕ ਹਿੱਸੇਦਾਰ ਵਜੋਂ ਕੰਮ ਕਰਦਾ ਹੈ।

ERRIN ਨੂੰ European Union Asylum, Migration and Integration Fund (AMIF) ਦੁਆਰਾ ਫੰਡ ਦਿੱਤਾ ਜਾਂਦਾ ਹੈ, ਅਤੇ ਹਿੱਸਾ ਲੈਣ ਵਾਲੀਆਂ ਕੌਮੀ ਏਜੰਸੀਆਂ ਤੋਂ ਸਹਿ-ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਹੋਰ ਜਾਣਕਾਰੀ ਪਰ੍ਾਪਤ ਕਰੋ: **www.returnnetwork.eu**

## ERRIN
## ਸਹਿਭਾਗੀ ਦੇਸ਼

| | ਯੂਰਪੀ ਸਹਿਭਾਗੀ ਸੰਸਥਾਨ |
|---|---|
| ਆਸਟਰੀਆ | ਅੰਦਰੂਨੀ ਮਾਮਲਿਆਂ ਬਾਰੇ ਸੰਘੀ ਵਿਭਾਗ |
| ਸਪੇਨ | ਲੇਬਰ, ਪਰ੍ਵਾਸ ਅਤੇ ਸਮਾਜਿਕ ਸੁਰੱਖਿਆ ਮੰਤਰਾਲਾ – ਪਰਵਾਸ ਵਿਭਾਗ |
| ਸਵਿੱਟਜਰਲੈਂਡ | ਪਰ੍ਵਾਸ ਲਈ ਰਾਜ ਸਕੱਤਰੇਤ |
| ਸਵੀਡਨ | ਸਵੀਡਿਸ਼ ਪਰ੍ਵਾਸ ਏਜੰਸੀ |
| ਫਰਾਂਸ | ਗਰ੍ਹਿ ਮੰਤਰਾਲਾ - ਇਮੀਗਰੇਸ਼ਨ ਅਤੇ ਏਕੀਕਰਨ ਵਿਭਾਗ |
| ਜਰਮਨੀ | ਅੰਦਰੂਨੀ, ਬਿਲਡਿੰਗ ਅਤੇ ਕਮਿਊਨਿਟੀ ਦੇ ਸੰਘੀ ਮੰਤਰਾਲੇ – ਮਾਈਗਰੇਸ਼ਨ ਐਂਡ ਰਫਿਊਜੀ ਲਈ ਸੰਘੀ ਦਫਤਰ |
| ਬੈਲਜੀਅਮ | ਸ਼ਰਣ ਮੰਗਣ ਵਾਲਿਆਂ ਦੀ ਰਿਸੈਪਸ਼ਨ ਲਈ ਏਜੰਸੀ/ ਫੈਡਰਲ ਇਮੀਗਰ੍ੇਸ਼ਨ ਦਫਤਰ |
| ਡੈਨਮਾਰਕ | ਇਮੀਗਰ੍ੇਸ਼ਨ ਅਤੇ ਏਕੀਕਰਨ ਮੰਤਰਾਲਾ |
| ਨਾਰਵੇ | ਨਾਰਵੇਜੀਅਨ ਇਮੀਗਰ੍ੇਸ਼ਨ ਡਾਇਰੈਕਟੋਰੇਟ |
| ਨੀਦਰਲੈਂਡਜ਼ | ਨਿਆਂ ਅਤੇ ਸੁਰੱਖਿਆ ਮੰਤਰਾਲਾ – ਸਵਦੇਸ਼ ਵਾਪਸੀ ਅਤੇ ਪਰ੍ਸਥਾਨ ਸੇਵਾ |
| ਗਰ੍ੀਸ | ਗਰ੍ਹਿ ਮੰਤਰਾਲਾ ਅਤੇ ਪਰ੍ਸ਼ਾਸਕੀ ਪੁਨਰ-ਨਿਰਮਾਣ |
| ਫਿਨਲੈਂਡ | ਫਿਨਿਸ਼ ਇਮੀਗਰ੍ੇਸ਼ਨ ਸਰਵਿਸ |
| ਮਾਲਟਾ | ਗਰ੍ਹਿ ਮੰਤਰਾਲੇ ਅਤੇ ਰਾਸ਼ਟਰੀ ਸੁਰੱਖਿਆ |
| ਯੁਨਾਇਟੇਡ ਕਿੰਗਡਮ | ਹੋਮ ਆੱਫਿਸ |
| ਲਕਸਮਬਰਗ | ਵਿਦੇਸ਼ ਅਤੇ ਯੂਰਪੀਅਨ ਮਾਮਲਿਆਂ ਦੇ ਮੰਤਰਾਲੇ |

## ਸਾਨੂੰ ਸੰਪਰਕ
## ਕਰੋ

ERRIN ਪਰੋਗਰਾਮ ਦੇ ਤਹਿਤ ਵਾਪਸੀ ਕਰਨ ਵਾਲਿਆਂ ਲਈ ਭਾਰਤ ਦੇ ਸਾਰੇ ਖੇਤਰਾਂ ਵਿਚ ਪੁਨਰ-ਗਠਨ ਸਹਾਇਤਾ ਪਰ੍ਦਾਨ ਕੀਤੀ ਜਾਂਦੀ ਹੈ। ਮੁੱਖ ਦਫ਼ਤਰ ਨਵੀਂ ਦਿੱਲੀ ਵਿਚ ਹੈ ਅਤੇ ਲਗਭਗ 174 ਸਥਾਨਕ ਡਾਇਓਸਿਸ ਹਨ।

ਪਹਿਲਾ ਸੰਪਰਕ ਨਵੀਂ ਦਿੱਲੀ ਦੇ ਸੰਪਰਕ ਵਿਅਕਤੀ ਨਾਲ ਹੋਵੇਗਾ।

### Caritas India, ਮੁੱਖ ਦਫਤਰ

**ਅਸੀ ਤੁਹਾਡੀ ਮਦਦ ਲਈ ਇੱਥੇ ਮੌਜੂਦ ਹਾਂ!**

**ਮੁਲਾਕਾਤ ਲਈ ਪਤਾ** ਸੀ ਬੀ ਸੀ ਆਈ (CBCI), ਸੈਂਟਰ ਅਸ਼ੋਕ ਪਲੇਸ, ਨੇੜੇ ਗੋਲ ਡਾਕਖਾਨਾ, ਨਵੀ ਦਿੱਲੀ, 10 00 01

**ਖੋਲਹ੍ਣ ਦਾ ਸਮਾਂ** ਸੋਮਵਾਰ ਤੋਂ ਸ਼ੁੱਕਰਵਾਰ
ਸਵੇਰੇ 9.00 ਵਜੇ-ਸ਼ਾਮ 5.00 ਵਜੇ
(ਸਥਾਨਕ ਸਮਾਂ)

+91-11-2336 3390/
2374 2339/2336 27 35

director@caritasindia.org,
catherine@caritasindia.org,
sumit@caritasindia.org

www.caritasindia.org

ਜੇ ਤੁਹਾਨੂੰ Caritas India ਤੱਕ ਪਹੁੰਚਣ ਵਿਚ ਕੋਈ ਮੁਸ਼ਕਲ ਹੈ ਤਾਂ ਕਿਰਪਾ ਕਰਕੇ Caritas International Belgium ਨਾਲ ਸੰਪਰਕ ਕਰੋ:
**+32 2 6090653**

caritas
international.be

ਭਾਰਤ
ਪੰਜਾਬੀ

# ERRIN REINTEGRATION PROGRAMME

## FOR RETURNING MIGRANTS (ਮੁੜ ਵਾਪਸ ਲਈ ERRIN ਦਾ ਪਰਵਾਸੀਆਂ ਲਈ ਪੁਨਰ-ਏਕੀਕਰਨ ਪਰੋਗਰਾਮ)

european return and reintegration network

Co-funded by the Asylum, Migration and Integration Fund of the European Union

Migration in Action
Migratie in Beweging

## ਕੀ ਤੁਸੀ ਸਹਾਇਤਾ ਲਈ ਯੋਗ ਹੋ?

ਜੇ ਤੁਸੀਂ ਭਾਰਤ ਦੀ ਕੌਮੀਅਤ ਰੱਖਦੇ ਹੋ ਅਤੇ ਕਿਸੇ ERRIN ਸਹਿਭਾਗੀ ਦੇਸ਼ (ਜਿਸ ਨੂੰ ਪਿਛਲੇ ਪਾਸੇ ਸੂਚੀਬੱਧ ਕੀਤਾ ਗਿਆ ਹੈ*) ਤੋਂ ਵਾਪਸ ਜਾਣਾ ਚਾਹੁੰਦੇ ਹੋ, ਤੁਸੀਂ ਪਰੋਗਰਾਮ ਤੋਂ ਲਾਭ ਪਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

ਵਾਪਸ ਮੁੜਣ ਵਾਲੇ ਹਰੇ ਉਮਰ ਅਤੇ ਪਰੋਫਾਈਲਾਂ ਵਾਲੇ ਲੋਕ ਸਵੈਇੱਛਤ ਅਤੇ ਗੈਰ-ਸਵੈਇੱਛਤ ਹੋ ਸਕਦੇ ਹਨ, ਅਤੇ ਇਹਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਪਨਾਹ ਮੰਗਣ ਵਾਲੇ
- ਇਨਕਾਰ ਕੀਤੇ ਪਨਾਹ ਮੰਗਣ ਵਾਲੇ
- ਨਿਯਮਤ ਅਤੇ ਅਨਿਯਮਤ ਪਰਵਾਸੀ
- ਬਿਨਾ ਸਾਥ ਵਾਲੇ ਨਾਬਾਲਗ
- ਹੋਰ ਕਮਜ਼ੋਰ ਵਿਅਕਤੀ

ਪਾਤਰਤਾ ਨੂੰ ਸਹਿਭਾਗੀ ਦੇਸ਼ ਦੀਆਂ ਜ਼ੁੰਮੇਵਾਰ ਅਥਾਰਿਟੀਆਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਪੁਨਰ-ਏਕੀਕਰਨ ਸਹਾਇਤਾ ਸਿਰਫ ਉਹਨਾਂ ਅਥਾਰਟੀਆਂ ਦੀ ਇੱਕ ਹਾਂ ਪੱਖੀ ਜਾਂਚ ਪੜਤਾਲ ਕਰਨ 'ਤੇ ਮੁਹੱਈਆ ਕੀਤੀ ਜਾਵੇਗੀ।

## ਤੁਸੀ ਦਰਖਾਸਤ ਕਿਵੇਂ ਦੇ ਸਕਦੇ ਹੋ?

ਤੁਸੀਂ ERRIN ਸਹਿਭਾਗੀ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ERRIN ਸੰਪਰਕ ਰਾਹੀ ਦਰਖਾਸਤ ਦੇ ਸਕਦੇ ਹੋ। ਤੁਸੀਂ ਆਪਣੇ ਸੋਸ਼ਲ ਵਰਕਰ ਜਾਂ ਕੌਂਸਲਰ ਤੋਂ ਹੋਰ ਜਾਣਕਾਰੀ ਲੈ ਸਕਦੇ ਹੋ।

ਤੁਹਾਡੀਆਂ ਪੁਨਰ-ਏਕੀਕਰਨ ਸੇਵਾਵਾਂ ਕੇਵਲ ERRIN ਸਹਿਭਾਗੀ ਦੇਸ਼ ਦੀ ਪਰਵਾਨਗੀ ਤੋਂ ਬਾਅਦ ਸਰਗਰਮ ਹੁੰਦੀਆਂ ਹਨ।

*ਕਿਰਪਾ ਕਰਕੇ ਧਿਆਨ ਦਿਓ ਕਿ ਨੈਟਵਰਕ ਵਿਚ ਸ਼ਾਮਲ ਸਾਰੇ ਸਹਿਭਾਗੀ ਦੇਸ਼ ਵਰਤਮਾਨ ਸਮੇਂ ਭਾਰਤ ਵਿਚ ERRIN ਦੁਆਰਾ ਪੇਸ਼ ਕੀਤੀ ਜਾਣ ਵਾਲੀ ਪੁਨਰ-ਏਕੀਕਰਨ ਸਹਾਇਤਾ ਦੀ ਵਰਤੋਂ ਨਹੀਂ ਕਰਦੇ ਹਨ। ਇਸ ਵਿੱਚ ਤਬਦੀਲੀ ਹੋ ਸਕਦੀ ਹੈ। ਨਵੀਨਤਮ ਜਾਣਕਾਰੀ ਲਈ ਆਪਣੇ ਸਲਾਹਕਾਰ ਨਾਲ ਗੱਲ ਕਰੋ।

## ਕੀ ਸਹਾਇਤਾ ਪਰਦਾਨ ਕੀਤੀ ਜਾ ਸਕਦੀ ਹੈ?

ERRIN ਪਰੋਗਰਾਮ ਦੇ ਤਹਿਤ ਵਾਪਸੀ ਕਰਨ ਵਾਲੇ ਵਿਅਕਤੀ ਹੋਣ ਦੇ ਨਾਤੇ ਤੁਸੀਂ Caritas India ਦੁਆਰਾ ਪਰਦਾਨ ਕੀਤੀਆਂ ਜਾਂਦੀਆਂ ਬਹੁਤ ਸਾਰੀਆਂ ਵਾਪਸੀ ਅਤੇ ਪੁਨਰ-ਏਕੀਕਰਨ ਸੇਵਾਵਾਂ ਲਈ ਯੋਗ ਹੋ ਸਕਦੇ ਹੋ, ਜੋ ਤੁਹਾਡੇ ਮੂਲ ਦੇਸ਼ ਵਿੱਚ ਵਾਪਸੀ ਕਰਨ 'ਤੇ ਸ਼ੁਰੂਆਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ।

ਸੇਵਾਵਾਂ ਸਮਾਨ ਰੂਪ ਵਿੱਚ ਪਰਦਾਨ ਕੀਤੀਆਂ ਜਾਂਦੀਆਂ ਹਨ (ਜਦੋਂ ਤੱਕ ਕਿ ਹੋਰ ਤਰੀਕੇ ਨਾਲ ਨਹੀਂ ਕਿਹਾ ਜਾਂਦਾ) ਅਤੇ ਇਹ ਇਸ ਗੱਲ ਮੁਤਾਬਕ ਬਦਲ ਸਕਦੀਆਂ ਹਨ ਕਿ ਤੁਸੀਂ ਕਿੱਥੋਂ ਆਏ ਹੋ, ਤੁਹਾਡੀ ਪਰੋਫਾਈਲ ਅਤੇ ਤੁਹਾਡੀਆਂ ਖਾਸ ਲੋੜਾਂ ਕੀ ਹਨ।

## ਪਾਲਣਾ ਕਰਨ ਲਈ ਪਰਕਿਰਿਆ

### ਛੱਡਣ ਤੋਂ ਪਹਿਲਾਂ

ਜੇ ਤੁਹਾਡੀ ਦਰਖਾਸਤ ਨੂੰ ERRIN ਸਹਿਭਾਗੀ ਦੇਸ਼ ਦੇ ਅਧਿਕਾਰੀਆਂ ਦੁਆਰਾ ਪਰਵਾਨਗੀ ਦੇ ਦਿੱਤੀ ਗਈ ਹੈ ਤਾਂ ਤੁਸੀਂ ਜ਼ਰੂਰੀ ਪਰਬੰਧ ਕਰਨ ਵਿੱਚ ਮਦਦ ਕਰਨ ਲਈ Caritas India ਅਤੇ Caritas International Belgium (ਸੰਪਰਕ ਵੇਰਵੇ ਦੇਖੋ) ਤੋਂ ਜਾਣਕਾਰੀ ਦੀ ਮੰਗ ਕਰ ਸਕਦੇ ਹੋ।

### ਜਦੋਂ ਤੁਸੀ ਪਹੁੰਚਦੇ ਜਾਂਦੇ ਹੋ

Caritas India ਤੁਹਾਨੂੰ ਭਾਰਤ ਆਉਣ ਤੋਂ ਬਾਅਦ ਬੁਨਿਆਦੀ ਸਹਾਇਤਾ ਪਰਦਾਨ ਕਰ ਸਕਦਾ ਹੈ।

- ਏਅਰਪੋਰਟ ਪਿਕ-ਅੱਪ ਜਾਂ ਪਹੁੰਚ ਸਥਾਨ 'ਤੇ ਰਿਸੈਪਸ਼ਨ
- ਦੇਸ਼ ਅੰਦਰ ਯਾਤਰਾ ਵਿੱਚ ਸਹਾਇਤਾ
- ਅਸਥਾਈ ਰਿਹਾਇਸ਼ (ਵੱਧੋ-ਵੱਧ 7 ਦਿਨ)
- ਜ਼ਰੂਰੀ ਡਾਕਟਰੀ ਦੇਖਭਾਲ ਲਈ ਹਵਾਲੇ
- ਹੋਰ ਬੁਨਿਆਦੀ ਜ਼ਰੂਰਤਾਂ

## ਪੁਨਰ-ਗਠਨ ਸੇਵਾਵਾਂ

Caritas India, ਉਪਲਬਧ ਗਰਾਂਟ ਦੀ ਰਕਮ ਦੇ ਅੰਦਰ-ਅੰਦਰ, ਤੁਹਾਡੇ ਨਾਲ ਇੱਕ ਅਨੁਕੂਲ ਪੁਨਰ-ਏਕੀਕਰਨ ਯੋਜਨਾ ਨੂੰ ਵਿਕਸਤ ਕਰਨ ਲਈ ਕੰਮ ਕਰੇਗਾ ਜੋ ਤੁਹਾਡੀ ਸਥਿਤੀ ਅਤੇ ਲੋੜਾਂ ਨੂੰ ਧਿਆਨ ਵਿਚ ਰੱਖੇਗੀ। ਸੇਵਾਵਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਸਮਾਜਕ, ਕਾਨੂੰਨੀ ਅਤੇ ਡਾਕਟਰੀ ਸਹਾਇਤਾ
- ਰਿਹਾਇਸ਼ ਸਬੰਧੀ ਸਹਾਇਤਾ
- ਪੜ੍ਹਾਈ ਅਤੇ ਭਾਸ਼ਾ ਦੀ ਸਿਖਲਾਈ
- ਤਕਨੀਕੀ ਅਤੇ ਕਿੱਤਾਕਾਰੀ ਸਿਖਲਾਈ
- ਕਾਰੋਬਾਰ ਦੀ ਸ਼ੁਰੂਆਤ ਲਈ ਸਹਾਇਤਾ
- ਕਮਜ਼ੋਰ ਸਮੂਹਾਂ ਲਈ ਜ਼ਰੂਰਤ ਅਧਾਰਿਤ ਸਹਾਇਤਾ

## ਜਾਣ-ਪਛਾਣ

1962 ਵਿੱਚ ਸਥਾਪਤ **Caritas India**, ਸੰਕਟਕਾਲ ਪਰਤੀਕਿਰਿਆ ਅਤੇ ਰਿਕਵਰੀ, ਭਾਈਚਾਰਕ ਵਿਕਾਸ, ਪੁਨਰ ਨਿਰਮਾਣ ਅਤੇ ਕੁਦਰਤੀ ਵਸੀਲਿਆਂ ਦੇ ਪਰਬੰਧਨ ਵਜੋਂ, ਭਾਇਚਾਰੇ ਨਾਲ ਇੱਕਜੁਟਤਾ ਵਜੋਂ ਵਿਕਸਿਤ ਹੋਇਆ ਹੈ। ਸਮਾਜ ਦੇ ਸਭ ਤੋਂ ਕਮਜ਼ੋਰ ਅਤੇ ਗਰੀਬ ਤਬਕੇ ਦੇ ਵਰਗਾਂ ਲਈ ਕੰਮ ਕਰਦਾ ਹੈ ਤਾਂ ਕਿ ਸ਼ਾਨਮੱਤਾ ਜੀਵਨ ਅਤੇ ਸ਼ਮੂਲੀਅਤ ਭਰਿਆ ਟਿਕਾਊ ਵਿਕਾਸ ਹਾਸਲ ਕੀਤਾ ਜਾ ਸਕੇ। 1990 ਦੇ ਅਖੀਰ ਤੋਂ, Caritas India ਸੁਰੱਖਿਅਤ ਪਰਵਾਸ ਅਤੇ ਮਨੁੱਖੀ ਤਸਕਰੀ ਦੇ ਹੱਲ ਲਈ ਕੰਮ ਕਰ ਰਹੀ ਹੈ।

**Caritas International Belgium** (CIB) ਇੱਕ ਗੈਰ-ਸਰਕਾਰੀ ਸੰਸਥਾ ਹੈ ਅਤੇ Caritas India ਦੇ ਨਾਲ ਨਜ਼ਦੀਕੀ ਸਹਿਯੋਗ ਨਾਲ ਕੰਮ ਕਰਦੀ ਹੈ ਤਾਂ ਜੋ ਵੱਖ-ਵੱਖ ERRIN ਸਹਿਭਾਗੀ ਦੇਸ਼ਾਂ ਤੋਂ ਵਾਪਸ ਆਉਣ ਵਾਲੇ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। CIB, 2007 ਤੋਂ ਸਵੈ-ਇੱਛਤ ਵਾਪਸੀ ਦੇ ਖੇਤਰ ਵਿੱਚ ਸੰਸਾਰ ਭਰ ਵਿੱਚ ਸੇਵਾ ਪਰਦਾਤਾ ਵਜੋਂ ਰਾਸ਼ਟਰੀ ਸਰਕਾਰੀ ਪਰੋਗਰਾਮ ਲਾਗੂ ਕਰ ਰਿਹਾ ਹੈ।